# ਇੱਨਾ ਦੀ ਆਵਾਜ਼: ਸੰਜੀਦਾ ਪੰਜਾਬੀ ਨਾਟਕ ਦਾ ਇਕ ਵਧੀਆ ਪ੍ਰਮਾਣ

ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਇਸ ਵੇਲੇ ਪੰਜਾਬੀ ਨਾਟਕ ਵਿਚ ਇਕ ਵਿਸ਼ੇਸ਼ ਸਰਗਰਮੀ ਵੇਖਣ ਨੂੰ ਮਿਲ ਰਹੀ ਹੈ। ਅਬੋਹਰ, ਬਠਿੰਡਾ, ਮਾਨਸਾ, ਪਟਿਆਲਾ, ਅੰਮ੍ਰਿਤਸਰ, ਲੁਧਿਆਣਾ, ਫਗਵਾੜਾ, ਬਿਆਸ, ਮੁੱਲਾਂਪੁਰ ਅਤੇ ਬਹੁਤ ਸਾਰੇ ਪਿੰਡਾਂ ਅਤੇ ਕਸਬਿਆਂ ਵਿਚ ਨਾਟਕ ਗਰੁੱਪ ਆਪਣੇ ਸਾਧਨਾਂ ਅਨੁਸਾਰ ਨਾਟਕ ਕਰ ਰਹੇ ਹਨ।

17-18 ਨਵੰਬਰ ਨੂੰ ਫਰੀਦਕੋਟ ਵਿਚ ਬਾਬਾ ਫਰੀਦ ਯਾਦਗਾਰੀ ਮੇਲੇ ਵਿਚ ਨਾਟਕਾਂ ਦਾ ਮੇਲਾ ਵੀ ਸ਼ਾਮਲ ਹੈ ਇਸ ਸਰਗਰਮੀ ਵਿਚ। ਪਹਿਲੀ ਨਵੰਬਰ ਨੂੰ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਹੋ ਰਹੇ ਨਾਟਕੀ ਮੇਲੇ ਦੀ ਤੀਬਰਤਾ ਨਾਲ ਉਡੀਕ ਹੈ ਅਤੇ ਨਾਟਕ ਗਰੁੱਪ ਉਸ ਦੀ ਤਿਆਰੀ ਵਿਚ ਜੁਟ ਗਏ ਹਨ। ਇਸ ਨਾਟਕ ਸਰਗਰਮੀ ਦੇ ਸੰਦਰਭ ਵਿਚ 3 ਸਤੰਬਰ 1999 ਨੂੰ ਟੈਗੋਰ ਥੀਏਟਰ ਵਿਚ ਪੇਸ਼ ਕੀਤਾ ਗਿਆ ਨਾਟਕ 'ਇੱਨਾ ਦੀ ਆਵਾਜ਼' ਸ਼ਾਮਲ ਕੀਤਾ ਜਾ ਸਕਦਾ ਹੈ।

ਅਸਗਰ ਵਜ਼ਾਹਤ ਦੇ ਇਸ ਨਾਟਕ ਦਾ ਪੰਜਾਬੀ ਰੂਪ ਜੋ ਅਮਰਜੀਤ ਚੰਦਨ ਦੀ ਕਲਮ ਤੋਂ ਹੈ, ਸੁਚੇਤਕ ਰੰਗ ਮੰਚ ਨਾਟਕ ਗਰੁੱਪ ਮੁਹਾਲੀ ਵਲੋਂ ਪੇਸ਼ ਕੀਤਾ ਗਿਆ। ਇਸ ਨਾਟਕ ਦੀ ਨਿਰਦੇਸ਼ਨਾ ਅਨੀਤਾ ਸਬਦੀਸ਼ ਅਤੇ ਰਮਨ ਢਿੱਲੋਂ (ਵੜੈਚ) ਨੇ ਕੀਤੀ। ਇਹ ਦੋਨੋਂ ਪੰਜਾਬੀ ਰੰਗ ਮੰਚ ਦੀਆਂ ਸਥਾਪਤ ਅਭਿਨੇਤਰੀਆਂ ਹਨ। ਨਿਰਦੇਸ਼ਨਾ ਦੇ ਖੇਤਰ ਵਿਚ ਇਹ ਇਹਨਾਂ ਦਾ ਪਹਿਲਾ ਉਪਰਾਲਾ ਹੈ। ਡਾ. ਸਾਹਿਬ ਸਿੰਘ ਅਤੇ ਚੰਡੀਗੜ੍ਹ-ਮੁਹਾਲੀ ਦੇ ਹੋਰ ਸਥਾਪਤ ਅੰਦਾਕਾਰਾਂ ਨੇ ਇਸ ਨਾਟਕ ਵਿਚ ਹਿੱਸਾ ਲਿਆ ਹੈ।

ਦੋ ਸ਼ਬਦਾਂ ਵਿਚ ਜੇ ਗੱਲ ਕਹਿਣੀ ਹੋਵੇ ਤਾਂ ਇਸ ਪੇਸ਼ਕਾਰੀ ਵਿਚ ਖੂਬੀਆਂ ਵੀ ਹਨ ਅਤੇ ਕੁਝ ਘਾਟਾਂ ਵੀ ਰਹਿ ਗਈਆਂ ਹਨ, ਜੋ ਸੁਧਾਰ ਅਤੇ ਮਿਹਨਤ ਮੰਗਦੀਆਂ ਹਨ। ਖੂਬੀ ਇਹ ਕਹੀ ਜਾ ਸਕਦੀ ਹੈ ਕਿ ਇਸ ਮੁਸ਼ਕਿਲ ਅਤੇ ਸੰਜੀਦਾ ਨਾਟਕ ਨੂੰ ਕਲਾਕਾਰਾਂ ਨੇ ਜਿਸ ਤਰੀਕੇ ਨਾਲ ਪੇਸ਼ ਕੀਤਾ, ਉਹ ਨਾਟਕ ਦਾ ਸੁਨੇਹਾ ਦਰਸ਼ਕਾਂ ਤਕ ਪੁਚਾਣ 'ਚ ਸਫਲ ਰਹੇ। ਘਾਟ ਇਹ ਰਹੀ ਕਿ ਸੁਨੇਹਾ ਜਿਸ ਸ਼ਿੱਦਤ ਨਾਲ ਪੁੱਜਣਾ ਚਾਹੀਦਾ ਸੀ, ਉਸ ਸ਼ਿੱਦਤ ਨਾਲ ਨਹੀਂ ਪੁੱਜ ਸਕਿਆ।

ਇਹ ਨਾਟਕ ਜੋ 1976-77 ਵਿਚ ਲਿਖਿਆ ਗਿਆ, ਵਿਸ਼ੇ ਦੇ ਤੌਰ 'ਤੇ ਪੂਰੀ ਤਰ੍ਹਾਂ ਇਕ ਰਾਜਨੀਤਕ ਨਾਟਕ ਹੈ। 1975 ਵਿਚ ਜਦੋਂ ਦੇਸ਼ ਵਿਚ ਐਮਰਜੈਂਸੀ ਲੱਗੀ ਸੀ ਤਾਂ ਸਾਡੇ ਕੁਝ ਨਾਮਵਰ ਲੇਖਕਾਂ ਨੇ, ਜਿਸ ਵਿਚ ਅੰਮ੍ਰਿਤਾ ਪ੍ਰੀਤਮ ਵੀ ਸ਼ਾਮਲ ਸੀ, ਐਮਰਜੈਂਸੀ ਦਾ ਸਮਰਥਨ ਕੀਤਾ ਸੀ। ਐਮਰਜੈਂਸੀ, ਭਾਵੇਂ ਇਹ ਹਾਕਮਾਂ ਵਲੋਂ ਕਿਸੇ ਵੀ ਮੁਲਕ ਵਿਚ ਲਾਈ ਜਾਵੇ ਆਪਣੇ ਆਪ ਵਿਚ ਇਕ ਤਾਨਾਸ਼ਾਹੀ ਕਦਮ ਗਿਣਿਆ ਜਾਂਦਾ ਹੈ। ਲੇਖਕਾਂ ਲਈ ਇਸ ਕਦਮ ਦਾ ਸਮਰਥਨ ਆਪਣੀ ਆਵਾਜ਼ ਨੂੰ ਗੂੰਗਾ ਕਰਨ ਦੇ ਬਰਾਬਰ ਹੈ, ਭਾਵੇਂ ਇਸ ਦੇ ਪਿੱਛੇ ਰਾਜਸੀ ਦਲੀਲ ਕੋਈ ਵੀ ਹੋਵੇ। ਇਸ ਨਾਟਕ ਦਾ ਲੇਖਕ ਅਸਗਰ ਵਜ਼ਾਹਤ ਇਸ ਸੁਨੇਹੇ ਬਾਰੇ ਬਿਲਕੁਲ ਸਪਸ਼ਟ ਹੈ ਅਤੇ ਸ਼ਕਤੀਸ਼ਾਲੀ ਨਾਟਕੀ ਵਾਰਤਾਲਾਪਾਂ ਰਾਹੀਂ ਉਸ ਨੇ ਇਸ ਨਜ਼ਰੀਏ ਨੂੰ ਪੇਸ਼ ਕੀਤਾ ਹੈ।

ਨਾਟਕ ਦੀ ਕਹਾਣੀ ਦਾ ਆਧਾਰ ਮੱਧ ਏਸ਼ੀਆ ਦੀ ਇਕ ਲੋਕ ਗਾਥਾ ਹੈ। ਇਸ ਦੀ ਕਹਾਣੀ ਦਾ ਸੰਖੇਪ ਇਹ ਹੈ ਕਿ ਪਿਛਲੇ 20 ਸਾਲਾਂ ਤੋਂ ਬਾਦਸ਼ਾਹ ਆਪਣੇ ਗੁਲਾਮਾਂ ਕੋਲੋਂ ਆਪਣਾ ਮਹਿਲ ਬਣਵਾ ਰਿਹਾ ਹੈ। ਇਨ੍ਹਾਂ ਗੁਲਾਮਾਂ ਵਿਚੋਂ ਇਕ ਗੁਲਾਮ ਇੱਨਾ ਹੈ ਜਿਹੜਾ ਸ਼ਕਤੀਸ਼ਾਲੀ ਆਵਾਜ਼ ਵਿਚ ਆਜੜੀਆਂ ਦੇ ਗੀਤ ਗਾਉਂਦਾ ਹੈ। ਲੋਕਾਂ ਵਿਚ ਉਹ ਆਪਣੇਂ ਗੀਤਾਂ ਕਰਕੇ ਬਹੁਤ ਪਿਆਰਾ ਹੈ। ਬਾਦਸ਼ਾਹ ਨਾਲੋਂ ਵੱਧ ਉਹਦੀ ਲੋਕ ਮਾਨਤਾ ਹੈ ਅਤੇ ਜਿਸ ਤਰ੍ਹਾਂ ਲੋਕ ਗਾਥਾਵਾਂ ਦੀ ਖਾਸੀਅਤ ਹੁੰਦੀ ਹੈ, ਉਹਦੇ ਵਿਚ ਕਹੀ ਗੱਲ ਕਰਾਮਾਤੀ ਪ੍ਰਤੀਕਾਂ ਨਾਲ ਪੇਸ਼ ਹੁੰਦੀ ਹੈ। ਇਸ ਗਾਥਾ ਵਿਚ ਕਰਾਮਾਤ ਇਹ ਹੈ ਕਿ ਮਹਿਲ ਦੇ ਦਰਵਾਜ਼ੇ ਉਤੇ ਬਾਦਸ਼ਾਹ ਦੇ ਨਾਂ ਦੀ ਥਾਂ ਇੱਨਾ ਦਾ ਨਾਂ ਲਿਖਿਆ ਜਾਂਦਾ ਹੈ। ਬਾਦਸ਼ਾਹ ਨੂੰ ਇਸ ਗੱਲ ਦਾ ਗੁੱਸਾ ਹੈ। ਓਹ ਇੱਨਾ ਦੀ ਮੌਤ ਦਾ ਹੁਕਮ ਦਿੰਦਾ ਹੈ। ਪਰ ਉਹਦਾ ਸਿਆਣਾ ਅਤੇ ਚਲਾਕ ਵਜ਼ੀਰ ਉਸ ਨੂੰ ਸਲਾਹ ਦਿੰਦਾ ਹੈ ਕਿ ਇਸ ਤਰ੍ਹਾਂ ਇੱਨਾ ਦੇ ਨਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਸਗੋਂ ਤਰੀਕਾ ਇਹ ਅਪਣਾਇਆ ਜਾਵੇ ਕਿ ਉਹ ਲੋਕਾਂ ਨਾਲੋਂ ਟੁੱਟ ਜਾਏ। ਇਹ ਆਪਣੇ ਆਪ ਉਹਦੀ ਮੌਤ ਦਾ ਸਬੱਬ ਬਣੇਗਾ।

ਬਾਦਸ਼ਾਹ ਇਸੇ ਤਰ੍ਹਾਂ ਹੀ ਕਰਦਾ ਹੈ। ਇੱਨਾ ਨੂੰ ਵਜ਼ੀਰੇ ਆਜ਼ਮ ਬਣਾਇਆ ਜਾਂਦਾ ਹੈ। ਇੱਨਾ ਆਪਣੇ ਅਕੀਦੇ ਦੇ ਮੁਤਾਬਿਕ ਵਜ਼ੀਰੇ ਆਜ਼ਮ ਦੀ ਜ਼ਿੰਦਗੀ ਸ਼ੁਰੂ ਕਰਦਾ ਹੈ। ਉਹ ਲੋਕ-ਪੱਖੀ ਹੁਕਮ ਸੁਣਾਂਦਾ ਹੈ। ਉਹ ਗੁਲਾਮਾਂ ਵਿਚੋਂ ਆਇਆ ਹੈ। ਉਹਦਾ ਘੋੜਿਆਂ ਨਾਲ ਪਿਆਰ ਹੈ। ਉਹ ਪਹਿਲਾ ਹੁਕਮ ਜਾਰੀ ਕਰਦਾ ਹੈ ਕਿ ਘੋੜਿਆਂ ਨੂੰ ਚਾਬੁਕ ਮਾਰਨਾ ਕਾਨੂੰਨੀ ਤੌਰ 'ਤੇ ਜੁਰਮ ਕਰਾਰ ਦਿੱਤਾ ਜਾਏ। ਚਿੜੀਮਾਰਾਂ ਨੂੰ ਹੁਕਮ ਦਿੱਤਾ ਜਾਏ ਕਿ ਉਹ ਕਿਸੇ ਵੀ ਚਿੜੀ ਨੂੰ ਪਿੰਜਰੇ ਵਿਚ ਬੰਦ ਨਾ ਕਰਨ। ਉਹਦੀ ਸਲਤਨਤ ਵਿਚ ਕੋਈ ਫਟੇ-ਪੁਰਾਣੇ ਕੱਪੜੇ ਨਾ ਪਾਏ। ਹਰ ਇਕ ਦੇ ਪੈਰਾਂ ਲਈ ਜੁੱਤੀ ਮੁਹੱਈਆ ਕੀਤੀ ਜਾਏ। ਕਿਸਾਨਾਂ ਦਾ ਮਾਲੀਆ ਮੁਆਫ ਕੀਤਾ ਜਾਏ। ਇਹ ਸਭ ਆਦਰਸ਼ਕ ਕਦਮ ਹਨ। ਪਰ ਇਨ੍ਹਾਂ ਲਈ ਸਾਧਨ ਕਿੱਥੇ ਹਨ? ਇਨ੍ਹਾਂ ਨੂੰ ਲਾਗੂ ਕਰਨ ਲਈ ਇੰਤਜ਼ਾਮੀਆ ਢਾਂਚਾ ਕਿੱਥੇ ਹੈ? ਕੀ ਰਿਆਸਤ ਦਾ ਢਾਂਚਾ ਬਦਲੇ ਬਗੈਰ ਇਹ ਸਭ ਕੁਝ ਕਰਨਾ ਸੰਭਵ ਹੈ? ਇਹ ਸਵਾਲ ਨਾਟਕਕਾਰ ਨੇ ਉਠਾਏ ਹਨ। ਇੱਨਾ ਨੂੰ ਅਹਿਸਾਸ ਕਰਵਾ ਦਿੱਤਾ ਜਾਂਦਾ ਹੈ ਕਿ ਚਾਬੁਕ ਤੋਂ ਬਿਨਾਂ ਸਰਕਾਰ ਦਾ ਪ੍ਰਬੰਧ ਨਹੀਂ ਚਲਾਇਆ ਜਾ ਸਕਦਾ, ਇਹ ਚਾਬੁਕ ਘੋੜਿਆਂ ਲਈ ਵਰਤਣੀ ਹੋਵੇ ਜਾਂ ਬੰਦਿਆਂ ਲਈ ਵਰਤਣੀ ਹੋਵੇ। ਇੱਨਾ ਹੌਲੀ ਹੌਲੀ ਆਯਾਸ਼ੀ ਦੀ ਜ਼ਿੰਦਗੀ ਵਿਚ ਸਾਰੇ ਮਾਨਵਵਾਦੀ ਇਰਾਦੇ ਭੁੱਲ ਜਾਂਦਾ ਹੈ। ਉਸ ਦਾ ਦੋਸਤ, ਜਿਸ ਦੇ ਨਾਲ ਉਹਨੇ 20 ਸਾਲ ਜ਼ਿੰਦਗੀ ਇਕੋ ਛੰਨ ਵਿਚ ਗੁਜ਼ਾਰੀ ਹੈ, ਇੱਨਾ ਨੂੰ ਸੰਬੋਧਨ ਹੋ ਕੇ ਜੋ ਵਾਰਤਾਲਾਪ ਬੋਲਦਾ ਹੈ ਉਹ ਨਾਟਕ ਦਾ ਨਿਚੋੜ ਹੈ:

''ਇੱਨਾ ਜੇ ਤੂੰ ਹੁਕਮ ਦੇਵੇਂ ਕਿ ਤਿਹਾਏ ਬੰਦੇ ਨੂੰ ਪਾਣੀ ਪਿਆਇਆ ਜਾਏ, ਤਾਂ ਤੇਰੇ ਸਿਪਾਹੀ ਉਹਨੂੰ ਦਰਿਆ ਵਿਚ ਗੋਤੇ ਦੇ ਕੇ ਮਾਰ ਦੇਣ। ਤੇਰੇ ਇਸ ਹੁਕਮ ਉਤੇ ਕਿ ਆਵਾਮ ਸਿਹਤਮੰਦ ਨਜ਼ਰ ਆਵੇ, ਤੇਰੇ ਸਿਪਾਹੀਆਂ ਨੇ ਕੁੱਟ ਕੁੱਟ ਕੇ ਲੋਕਾਂ ਦੇ ਜਿਸਮ ਏਨੇ ਸੁਜਾ ਦਿੱਤੇ ਹਨ ਕਿ ਉਹ ਸਿਹਤਮੰਦ ਨਜ਼ਰ ਆਉਣ ਲੱਗੇ ਹਨ। ਉਨ੍ਹਾਂ ਨੇ ਲੋਕਾਂ ਦੇ ਲੋਹੇ ਦੀਆਂ ਜੁੱਤੀਆਂ ਪਾ ਦਿੱਤੀਆਂ ਤਾਂ ਕਿ ਉਹ ਤੁਰ ਫਿਰ ਹੀ ਨਾ ਸਕਣ... ।''

ਇੱਨਾ ਜਦੋਂ ਵਿਵਸਥਾ ਦਾ ਹਿੱਸਾ ਬਣ ਜਾਂਦਾ ਹੈ ਤਾਂ ਉਹਦੀ ਸ਼ਕਤੀਸ਼ਾਲੀ ਆਵਾਜ਼ ਖਤਮ ਹੋ ਜਾਂਦੀ ਹੈ। ਇਹ ਬਾਦਸ਼ਾਹ ਦੀ ਜਿੱਤ ਹੈ ਅਤੇ ਇੱਨਾ ਦੀ ਹਾਰ ਹੈ। ਹੁਣ ਬਾਦਸ਼ਾਹ ਨੂੰ ਉਸ ਕੋਲੋਂ ਕੋਈ ਖਤਰਾ ਨਹੀਂ। ਉਹਨੂੰ ਫੇਰ ਗੁਲਾਮਾਂ ਵਿਚ ਵਾਪਸ ਭੇਜ ਦਿੱਤਾ ਜਾਂਦਾ ਹੈ। ਹੁਣ ਮਹਿਲਾਂ ਦੇ ਦਰਵਾਜ਼ੇ ਉਤੇ ਬਾਦਸ਼ਾਹ ਦਾ ਨਾਂ ਹੀ ਲਿਖਿਆ ਜਾਏਗਾ। ਬਾਦਸ਼ਾਹ ਦੇ ਸ਼ਬਦ ਹਨ:

''ਇੱਨਾ, ਮੈ ਤੈਨੂੰ ਸਭ ਕੁਝ ਕਰਨ ਦਿੱਤਾ ਜੋ ਤੂੰ ਚਾਹੁੰਦਾ ਸੀ। ਮੈਂ ਨਹੀਂ ਚਾਹੁੰਦਾ ਸੀ ਕਿ ਤੂੰ ਘੋੜਿਆਂ ਨੂੰ ਮਾਰਨ ਦੀ ਪਾਬੰਦੀ ਲਾਵੇਂ ਤੇ ਚਿੜੀਆਘਰ ਦੇ ਜਾਨਵਰਾਂ ਨੂੰ ਆਜ਼ਾਦ ਕਰ ਦੇਵੇਂ।'' ਜਿਹਨਾਂ ਨੂੰ ਮੈਂ ਬੜੇ ਯਤਨਾਂ ਨਾਲ ਆਪਣੇ ਕਾਬੂ ਕੀਤਾ ਸੀ ਪਰ ਮੈਂ ਤੈਨੂੰ ਸਭ ਕੁਝ ਕਰਨ ਦਿੱਤਾ ਤੇ ਤੈਨੂੰ ਹੌਲੀ ਹੌਲੀ ਅਹਿਸਾਸ ਕਰਵਾ ਦਿੱਤਾ ਕਿ ਹਕੂਮਤਾਂ ਇਸ ਤਰ੍ਹਾਂ ਨਹੀਂ ਚਲਦੀਆਂ। ਹਕੂਮਤਾਂ ਸਖਤੀ ਨਾਲ ਚਲਦੀਆਂ ਹਨ। ਹੁਣ ਸਾਡਾ ਫੈਸਲਾ ਹੈ ਕਿ ਤੈਨੂੰ ਉਥੇ ਹੀ ਵਾਪਸ ਭੇਜ ਦਿੱਤਾ ਜਾਏ ਜਿਥੋਂ ਤੈਨੂੰ ਲਿਆਂਦਾ ਗਿਆ ਸੀ। ...ਤੂੰ ਕਹਿਨਾ ਏਂ ਕਿ ਹੁਣ ਉਥੇ ਜਾ ਕੇ ਤੂੰ ਕੀ ਕਰੇਂਗਾ?... ਸਾਨੂੰ ਪਤਾ ਹੈ ਕਿ ਉਥੇ ਤੂੰ ਕੁਝ ਕਰ ਨਹੀਂ ਸਕੇਂਗਾ ਅਤੇ ਇਥੇ ਅਸੀਂ ਤੈਨੂੰ ਕੁਝ ਕਰਨ ਨਹੀਂ ਦਿਆਂਗੇ। ਹੁਣ ਤੂੰ ਗਾ ਨਹੀਂ ਸਕਦਾ। ਮਹਿਲਾਂ ਦੇ ਦਰਵਾਜ਼ੇ ਉਤੇ ਹੁਣ ਤੇਰਾ ਨਾਂ ਨਹੀਂ, ਸਾਡਾ ਨਾਂ ਲਿਖਿਆ ਗਿਆ ਹੈ। ਗਾ ਇੱਨਾ ਗਾ; ਪਰ ਨਹੀਂ, ਹੁਣ ਤੂੰ ਗਾ ਨਹੀਂ ਸਕਦਾ। ਤੇਰੀ ਆਵਾਜ਼ ਗੂੰਗੀ ਹੋ ਗਈ ਹੈ।

ਇਸ ਬੜੇ ਹੀ ਸ਼ਕਤੀਸ਼ਾਲੀ ਰਾਜਸੀ ਸੁਨੇਹੇ ਵਾਲੇ ਨਾਟਕ 1979 ਵਿਚ ਅੰਮ੍ਰਿਤਸਰ ਖਾਲਸਾ ਕਾਲਜ ਦੀ ਸਟੇਜ ਉਤੇ ਸਾਡੇ ਗਰੁੱਪ ਵਲੋਂ ਖੇਡਿਆ ਗਿਆ ਸੀ। 20 ਸਾਲਾਂ ਬਾਅਦ ਇਸ ਨਾਟਕ ਦਾ ਖੇਡਿਆ ਜਾਣਾ ਇਸ ਨਾਟਕ ਦੀ ਸ਼ਕਤੀ ਦਾ ਵੀ ਪ੍ਰਮਾਣ ਹੈ ਅਤੇ ਪੰਜਾਬੀ ਨਾਟਕ ਦੀ ਸੰਜੀਦਗੀ ਅਤੇ ਵਧਦੇ ਕਦਮਾਂ ਦਾ ਵੀ ਪ੍ਰਮਾਣ ਹੈ। ਸੁਚੇਤਕ ਰੰਗਮੰਚ ਅਤੇ ਉਹਦੇ ਨਾਲ ਜੁੜੇ ਕਲਾਕਾਰ ਇਸ ਦੇ ਲਈ ਵਧਾਈ ਦੇ ਪਾਤਰ ਹਨ।